ਪੰਜਾਬ ਸਟੇਟ ਮਿਡ ਡੇ ਮੀਲ ਸੋਸਾਇਟੀ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜਿਲ, ਐਸ.ਏ.ਐਸ ਨਗਰ) ਮੋਹਾਲੀ(

ਫੋਨ ਨੰ :0172-5212307,2210019

E-mail-id-mdmpunjab@punjabeducation.gov.in

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ)
ਪੰਜਾਬ।

ਮੀਮੋ ਨੰ. ਐਮ.ਡੀ.ਐਮ/2025/ 110606
ਮਿਤੀ 25/04/25

ਵਿਸ਼ਾ: ਵਿਦਿਆਰਥੀਆਂ ਦੇ ਆਈ ਚੈਕਅਪ ਸਬੰਧੀ ਵਿਜਨ ਚਾਰਟ ਲਈ ਮਾਸਟਰ ਟਰੇਨਰ ਨਿਯੁਕਤ ਕਰਨ ਸਬੰਧੀ।

ਉਪਰੋਕਤ ਵਿਸ਼ੇ ਅਧੀਨ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਹੁਤ ਸਾਰੇ ਐਨ.ਜੀ.ਓਜ ਆਪਣੇ ਪੱਧਰ ਤੇ ਸਕੂਲਾਂ ਵਿੱਚ ਹੈਲਥ ਕੈਂਪ ਲਗਾ ਕਿ ਵਿਦਿਆਰਥੀਆਂ ਦੀ ਸਕਰੀਨਿੰਗ ਕਰਦੇ ਹਨ ਅਤੇ ਇਸ ਉਪਰੰਤ ਜਿਨ੍ਹਾਂ ਵਿਦਿਆਰਥੀਆਂ ਦੀ ਨਜਰ ਕਮਜ਼ੋਰ ਹੁੰਦੀ ਹੈ, ਉਹਨਾਂ ਨੂੰ ਐਨਕਾਂ ਵੰਡੀਆਂ ਜਾਂਦੀਆਂ ਹਨ। ਇਸ ਸਬੰਧ ਵਿੱਚ ਮਿਸ਼ਨ ਡਾਇਰੈਕਟਰ, ਐਨ.ਐਚ.ਐਮ, ਪੰਜਾਬ ਵੱਲੋਂ ਦਫਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਜੋ ਐਨ.ਜੀ.ਓ ਸਕੂਲਾਂ ਵਿੱਚ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਰਦੀਆਂ ਹਨ, ਉਸ ਦੀ ਜਾਣਕਾਰੀ ਸਿਹਤ ਵਿਭਾਗ ਅਤੇ ਸਕੂਲ ਵਿਭਾਗ ਜਾਂ ਮੁੱਖ ਦਫਤਰ ਨੂੰ ਨਹੀਂ ਦਿੱਤੀ ਜਾਂਦੀ, ਜਿਸ ਕਰਕੇ ਸਿਹਤ ਵਿਭਾਗ ਵੱਲੋਂ ਤਿਆਰ ਕੀਤੇ ਜਾਂਦੇ ਡਾਟੇ ਅਤੇ ਸਕੂਲ ਪੱਧਰ ਦੇ ਡਾਟੇ ਦੇ ਮਿਲਾਨ ਵਿੱਚ ਬਹੁਤ ਦਿੱਕਤ ਪੇਸ਼ ਆਉਂਦੀ ਹੈ। ਇਸ ਲਈ ਉਹਨਾਂ ਵੱਲੋਂ ਇਹ ਸੁਝਾਅ ਦਿੱਤਾ ਗਿਆ ਕਿ ਇਸ ਡਾਟੇ ਦਾ ਮਿਲਾਣ ਸਿਹਤ ਵਿਭਾਗ ਅਤੇ ਸਿਖਿਆ ਵਿਭਾਗ ਵੱਲੋਂ ਆਪਸੀ ਤਾਲਮੇਲ ਕਰਨ ਉਪਰੰਤ ਮੁਕੰਮਲ ਕੀਤਾ ਜਾਵੇ ਤਾਂ ਜੋ ਇਹ ਪਤਾ ਚੱਲ ਸਕੇ ਕਿ ਕਿੰਨੇ ਵਿਦਿਆਰਥੀਆਂ ਨੂੰ ਨਜ਼ਰ ਦੀਆਂ ਐਨਕਾਂ ਲਗਾਈਆਂ ਗਈਆਂ ਹਨ।

ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਇਹ ਵੀ ਸੁਝਾਅ ਦਿੱਤਾ ਗਿਆ ਕਿ ਸਿਹਤ ਵਿਭਾਗ ਵੱਲੋਂ ਦਿੱਤੇ ਜਾਣ ਵਾਲੇ ਵਿਜ਼ਨ ਚਾਰਟ ਸਕੂਲਾਂ ਵਿੱਚ ਲਗਾਏ ਜਾਣੇ ਚਾਹੀਦੇ ਹਨ, ਜਿਸ ਤਹਿਤ ਸਕੂਲ ਅਧਿਆਪਕਾਂ ਨੂੰ ਬਲਾਕ ਪੱਧਰ ਤੇ ਜਾ ਕੇ ਟੇਰਨਿੰਗ ਕਰਵਾਈ ਜਾਣੀ ਚਾਹੀਦੀ ਹੈ। ਵਿਦਿਆਰਥੀਆਂ ਦੀਆਂ ਅੱਖਾਂ ਦੀ ਨਜ਼ਰ ਸਬੰਧੀ ਮੁਸ਼ਕਿਲਾਂ ਨੂੰ ਦੇਖਦੇ ਹੋਏ ਸਿਹਤ ਵਿਭਾਗ ਵੱਲੋਂ ਅਧਿਆਪਕਾਂ ਨੂੰ ਚਾਰਟ ਦੇ ਵੇਰਵੇ ਸਮਝਣ ਲਈ ਟਰੇਨਿੰਗ ਦੇਣੀ ਲਾਜ਼ਮੀ ਹੈ ਅਤੇ ਇਹ ਟਰੇਨਿੰਗ ਉਹਨਾਂ ਦੇ ਟਰੇਂਨਡ OPHTHALMOLOGIST ਡਾਕਟਰ ਵੱਲੋਂ ਦਿੱਤੀ ਜਾਵੇਗੀ।

ਸੋ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਦੇ Eye Checkup ਸਬੰਧੀ ਸਕੂਲ ਵਿੱਚ ਕੰਮ ਕਰਦੇ ਸਾਇੰਸ ਅਧਿਆਪਕ / ਫਿਜ਼ਿਕਸ ਲੈਕਚਰਾਰ ਨੂੰ ਮਾਸਟਰ ਟਰੇਨਰ ਨਿਯੁਕਤ ਕੀਤਾ ਜਾਵੇ ਅਤੇ ਮਾਸਟਰ ਟਰੇਨਰ ਵੱਲੋਂ ਬਲਾਕ ਅਧੀਨ ਆਉਂਦੇ ਸਕੂਲ ਅਧਿਆਪਕ ਨੂੰ ਇਹ ਟਰੇਨਿੰਗ ਦਿੱਤੀ ਜਾਵੇਗੀ। ਇਸ ਤੇ ਆਉਣ-ਜਾਣ ਦਾ ਖਰਚਾ ਮਿਡ-ਡੇ-ਮੀਲ ਸੋਸਾਇਟੀ ਵੱਲੋਂ ਦਿੱਤਾ ਜਾਵੇਗਾ, ਤਾਂ ਜੋ ਸਿਹਤ ਵਿਭਾਗ ਨਾਲ ਮਿਲ ਕੇ ਇਸ ਮਿਸ਼ਨ ਤਹਿਤ ਬੱਚਿਆਂ ਦੀ ਨਜ਼ਰ ਦੀਆਂ ਐਨਕਾਂ ਲਗਵਾਈਆਂ ਜਾ ਸਕਣ।

ਜਨਰਲ ਮੈਨੇਜਰ

ਪਿ.ਅੰ.ਨੰਐਮ.ਡੀ.ਐਮ.ਐਸ/.ਜੀ.ਐਮ/.2025/ 110607 ਮਿਤੀ -: 25/04/25

ਉਪਰੋਕਤ ਦਾ ਉਤਾਰਾ ਸਮੂਹ ਉਪ ਜਿਲ੍ਹਾ ਸਿਖਿਆ ਅਫਸਰ (ਐ.ਸਿ) ਨੂੰ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਨਰਲ ਮੈਨੇਜਰ

ਪਿ.ਅੰ.ਨੰ. 2025/113153 ਮਿਤੀ. 30/4/25
ਉਪਰੋਕਤ ਦਾ ਉਤਾਰਾ ਸਮੂਹ ਬੀ.ਪੀ.ਈ.ਓ ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Scanned with OKEN Scanner